# ਦਫ਼ਤਰ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ:ਸਿ:) ਮਾਨਸਾ

ਵੱਲ

ਸਮੂਹ ਸਕੂਲ ਮੁਖੀ
(ਪ੍ਰਾਈਵੇਟ ਸਕੂਲਜ਼)
ਜ਼ਿਲ੍ਹਾ ਮਾਨਸਾ

ਪੱਤਰ ਨੰ: ਸੀ।।।21 245978 ਮਿਤੀ: 20/07/2021

ਵਿਸ਼ਾ: NAS-2021 ਲਈ ਜ਼ਿਲ੍ਹਾ ਮਾਨਸਾ ਦੇ ਪ੍ਰਾਈਵੇਟ ਸਕੂਲਾਂ ਦੇ ਮੁਖੀਆਂ ਨੂੰ ਬਲਾਕ ਪੱਧਰ ਤੇ ਟ੍ਰੇਨਿੰਗ ਦੇਣ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਸਮੂਹ ਸਕੂਲ ਮੁਖੀਆਂ ਨੂੰ ਲਿਖਿਆ ਜਾਂਦਾ ਹੈ ਕਿ ਨੈਸ਼ਨਲ ਅਚੀਵਮੈਂਟ ਸਰਵੇ 2021 ਦੇ 100% ਟੀਚੇ ਲਈ ਸਿੱਖਿਆ ਵਿਭਾਗ ਵੱਲੋਂ ਟ੍ਰੇਨਿੰਗਜ਼ ਸ਼ੁਰੂ ਕਰ ਦਿੱਤੀਆਂ ਗਈਆਂ ਹਨ। ਜਿਸਦੇ ਤਹਿਤ ਜ਼ਿਲ੍ਹਾ ਮਾਨਸਾ ਵਿੱਚ ਬਲਾਕ ਪੱਧਰ ਤੇ ਪ੍ਰਾਈਵੇਟ ਸਕੂਲਾਂ ਦੇ ਮੁਖੀਆਂ ਅਤੇ ਉਹਨਾਂ ਦੇ ਨਾਲ ਇੱਕ ਇੱਕ ਨੋਡਲ ਟੀਚਰ ਨੂੰ ਮਿਤੀ: 23/07/2021 ਨੂੰ ਟ੍ਰੇਨਿੰਗ ਦਿੱਤੀ ਜਾਣੀ ਹੈ। ਸਕੂਲ ਮੁਖੀ ਦਾ ਇਸ ਮੀਟਿੰਗ ਵਿੱਚ ਨਿੱਜੀ ਤੌਰ ਤੇ ਹਾਜ਼ਰ ਹੋਣਾ ਅਤਿ ਜ਼ਰੂਰੀ ਹੈ, ਕਿਸੇ ਵੀ ਸਕੂਲ ਮੁਖੀ ਦੀ ਛੁੱਟੀ/ਛੋਟ ਪ੍ਰਵਾਨ ਨਹੀਂ ਕੀਤੀ ਜਾਵੇਗੀ। ਸਕੂਲ ਮੁਖੀ ਆਪਣੀ ਥਾਂ ਤੇ ਕਿਸੇ ਵੀ ਹੋਰ ਕਰਮਚਾਰੀ ਨੂੰ ਨਾ ਭੇਜਣ। ਸੋ ਹੇਠ ਲਿਖੇ ਅਨੁਸਾਰ ਟ੍ਰੇਨਿੰਗ ਸਥਾਨ ਤੇ ਸਮੇਂ ਸਿਰ ਪਹੁੰਚਣਾ ਯਕੀਨੀ ਬਣਾਇਆ ਜਾਵੇ। ਇਹ ਟ੍ਰੇਨਿੰਗ ਬਲਾਕ ਪੱਧਰ ਤੇ ਬਣਾਈਆਂ ਗਈਆਂ ਟੀਮਾਂ ਵੱਲੋਂ ਦਿੱਤੀ ਜਾਣੀ ਹੈ।

| ਲੜੀ ਨੰ: | ਬਲਾਕ ਦਾ ਨਾਂ | ਸਕੂਲ ਮੁਖੀਆਂ ਦੀ ਕਿਸਮ | ਸਥਾਨ | ਸਮਾਂ | ਵਿਸ਼ੇਸ਼ ਕਥਨ |
|---|---|---|---|---|---|
| 1 | ਮਾਨਸਾ | ਪ੍ਰਾਈਵੇਟ ਸਕੂਲਾਂ ਦੇ ਮੁਖੀ ਅਤੇ ਇੱਕ ਇੱਕ ਨੋਡਲ ਟੀਚਰ | ਡੀ.ਏ.ਵੀ. ਸਕੂਲ ਮਾਨਸਾ | ਸਵੇਰੇ 9:00 ਵਜੇ ਤੋਂ ਬਾਦ ਦੁਪਹਿਰ 4:00 ਵਜੇ ਤੱਕ | |
| 2 | ਬੁਢਲਾਡਾ | ਉਕਤ | ਮਨੂ ਵਾਟਿਕਾ ਸਕੂਲ ਬੁਢਲਾਡਾ | ਉਕਤ | |
| 3 | ਬਰੇਟਾ | ਉਕਤ | ਆਤਮਾ ਰਾਮ ਮੈਮੋਰੀਅਲ ਸਕੂਲ ਬਰੇਟਾ | ਉਕਤ | |
| 4 | ਝੁਨੀਰ | ਉਕਤ | ਆਦਰਸ਼ ਸਕੂਲ ਸਾਹਨੇਵਾਲੀ | ਉਕਤ | |
| 5 | ਸਰਦੂਲਗੜ੍ਹ | ਉਕਤ | ਸਸਸ (ਮੁੰਡੇ) ਸਰਦੂਲਗੜ੍ਹ | ਉਕਤ | |

ਇਸ ਟ੍ਰੇਨਿੰਗ ਲਈ ਸਬੰਧਤ ਬਲਾਕ ਦੇ ਬੀ.ਐਨ.ਓ, ਬਲਾਕ ਕੋਆਰਡੀਨੇਟਰ ਹੋਣਗੇ। ਟ੍ਰੇਨਿੰਗ ਟੀਮ ਵਿੱਚ ਸ਼ਾਮਿਲ ਡੀ.ਐਮ., ਉਸ ਬਲਾਕ ਟ੍ਰੇਨਿੰਗ ਦੇ ਇੰਚਾਰਜ਼ ਹੋਣਗੇ। ਡਾਈਟ ਬੁਢਲਾਡਾ ਵੱਲੋਂ ਪ੍ਰਿੰਸੀਪਲ ਡਾਈਟ ਦੇ ਨਾਲ ਸ੍ਰੀ ਗਿਆਨਦੀਪ ਸਿੰਘ ਲੈਕ: ਸਹਾਇਕ ਨੋਡਲ ਦੇ ਤੌਰ ਤੇ ਕੰਮ ਕਰਨਗੇ।

ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ:ਸਿ:)
ਮਾਨਸਾ

ਪਿੱਠ ਅੰਕਣ ਨੰ: ਮਿਤੀ:ਮਾਨਸਾ: 20/07/2021

1. ਉਪਰੋਕਤ ਦਾ ਉਤਾਰਾ ਪ੍ਰਿੰਸੀਪਲ ਡੀ.ਏ.ਵੀ. ਸਕੂਲ ਮਾਨਸਾ, ਮਨੂ ਵਾਟਿਕਾ ਸਕੂਲ ਬੁਢਲਾਡਾ, ਆਤਮਾ ਰਾਮ ਮੈਮੋਰੀਅਲ ਸਕੂਲ ਬਰੇਟਾ, ਆਦਰਸ਼ ਸਕੂਲ ਸਾਹਨੇਵਾਲੀ ਅਤੇ ਸਸਸਸ (ਮੁੰਡੇ) ਸਰਦੂਲਗੜ੍ਹ ਨੂੰ ਭੇਜਕੇ ਲਿਖਿਆ ਜਾਂਦਾ ਹੈ ਕਿ ਉਕਤ ਟ੍ਰੇਨਿੰਗ ਲਈ ਲੋੜੀਂਦੇ ਮੁਕੰਮਲ ਪ੍ਰਬੰਧ ਕਰਨੇ ਯਕੀਨੀ ਬਣਾਏ ਜਾਣ।
2. ਬਲਾਕ ਪੱਧਰ ਟ੍ਰੇਨਿੰਗ ਟੀਮਾਂ ਨੂੰ ਸੂਚਨਾ ਅਤੇ ਅਗਲੇਰੀ ਲੋੜੀਂਦੀ ਕਾਰਵਾਈ ਲਈ ਭੇਜਿਆ ਜਾਂਦਾ ਹੈ।

ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ:ਸਿ:)
ਮਾਨਸਾ

Scanned with CamScanner